## ਪੰਜਾਬ ਵਿਧਾਨ ਸਭਾ ਸਕੱਤਰੇਤ

ਮੰਗਲਵਾਰ, ਮਿਤੀ 09 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

### ਜਗਰਾਓਂ ਦਾ ਮਿਲਕ ਪਲਾਂਟ ਮੁੜ ਚਾਲੂ ਕਰਨਾ

*3059. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.**:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਓਂ ਦਾ ਮਿਲਕ ਪਲਾਂਟ ਤਿੰਨ ਵਾਰ ਵਿਕਣ ਤੋਂ ਬਾਅਦ ਵੀ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਮੁੜ ਚਾਲੂ ਕਰਨ ਦੀ ਤਜਵੀਜ਼ ਹੈ?

### ਸੁਹੇਲੇਵਾਲਾ ਮਾਈਨਰ ਬਣਾਉਣਾ

*3187. **ਸ਼੍ਰੀ ਰਮਿੰਦਰ ਸਿੰਘ ਆਵਲਾ, ਐਮ.ਐਲ.ਏ**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੁਹੇਲੇਵਾਲਾ ਮਾਈਨਰ ਬਣਾਉਣ ਵਾਸਤੇ ਸਾਲ 2020-21 ਦੌਰਾਨ 14 ਕਰੋੜ ਰੁਪਏ ਦੀ ਪਰਪੋਜ਼ਲ ਪਾਸ ਹੋ ਗਈ ਸੀ ਪਰੰਤੂ ਇਸ ਮਾਈਨਰ ਲਈ ਲੈਂਡ ਐਕੁਆਇਰ ਕਰਨ ਲਈ ਹਾਲੇ ਤੱਕ ਕੋਈ ਫੰਡ ਮੁਹੱਈਆ ਨਹੀਂ ਕਰਵਾਏ ਗਏ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਕੰਮ ਦੇ ਮੁਕੰਮਲ ਹੋਣ ਦੀ ਕਦੋਂ ਤੱਕ ਸੰਭਾਵਨਾ ਹੈ?

### ਪੰਚਾਇਤੀ ਜਮੀਨਾਂ ਦੀਆਂ ਗਿਰਦਾਵਰੀਆਂ ਨੂੰ ਸਬੰਧਿਤ ਪੰਚਾਇਤਾਂ ਦੇ ਨਾਂ ਤੇ ਤਬਦੀਲ ਕਰਨਾ

*3306. **ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ.**:-ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਰਕਾਰ ਦੀ ਨੋਟੀਫਿਕੇਸ਼ਨਾਂ ਦੇ ਅਨੁਸਾਰ ਪੰਚਾਇਤੀ ਜ਼ਮੀਨਾਂ ਦੀਆਂ ਗਿਰਦਾਵਰੀਆਂ ਨੂੰ ਉਨ੍ਹਾਂ ਨਾਲ ਸਬੰਧਿਤ ਪੰਚਾਇਤਾਂ ਦੇ ਨਾਂ ਤੇ ਕਦੋਂ ਤੱਕ ਤਬਦੀਲ ਕੀਤੇ ਜਾਣ ਦੀ ਉਮੀਦ ਹੈ, ਜਿਹੜੀਆਂ ਕਿ ਅਜੇ ਤੱਕ ਇਨ੍ਹਾਂ ਦੇ ਗੈਰ-ਕਾਨੂੰਨੀ ਕਬਜ਼ਾਧਾਰਕਾਂ ਦੇ ਨਾਂ ਤੇ ਰਿਕਾਰਡ ਕੀਤੀਆਂ/ਇੰਦਰਾਜ਼ ਕੀਤੀਆਂ ਗਈਆਂ ਹਨ; ਇਨ੍ਹਾਂ ਦੇ ਵੇਰਵੇ ਕੀ ਹਨ?

### ਬੋਹਾ ਅਤੇ ਬਰੇਟਾ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਹੋਰ ਅਮਲੇ ਦੀ ਨਿਯੁਕਤੀ

*2995. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੋਹਾ ਅਤੇ ਬਰੇਟਾ ਸਰਕਾਰੀ ਹਸਪਤਾਲਾਂ ਵਿਖੇ ਪਿਛਲੇ 4 ਸਾਲਾਂ ਤੋਂ ਸਪੈਸ਼ਲਿਸਟ ਡਾਕਟਰਾਂ ਦੀ ਤਾਇਨਾਤੀ ਨਹੀ ਕੀਤੀ ਗਈ ਅਤੇ ਨਾ ਹੀ ਮੈਡੀਕਲ ਅਫਸਰ ਨਿਯੁਕਤ ਕੀਤੇ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ ਤੇ ਕਦੋਂ ਤੱਕ ਇਥੇ ਡਾਕਟਰਾਂ ਅਤੇ ਹੋਰ ਅਮਲੇ ਦੀ ਨਿਯੁਕਤੀ ਕੀਤੀ ਜਾਵੇਗੀ?

### ਲੁਧਿਆਣਾ-ਰਾਹੋਂ ਰੋਡ ਦੀ ਮੁਰੰਮਤ

*3282. **ਸਰਦਾਰ ਸ਼ਰਨਜੀਤ ਸਿੰਘ ਢਿਲੋਂ, ਐਮ.ਐਲ.ਏ**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਸਾਹਨੇਵਾਲ ਵਿੱਚੋਂ ਲੰਘਦੀ ਲੁਧਿਆਣਾ-ਰਾਹੋਂ ਰੋਡ (ਚੂੰਗੀ ਤੋਂ ਮੱਤੇਵਾੜਾ ਪੁਲ ਤੱਕ) ਦੀ ਹਾਲਤ ਬਹੁਤ ਤਰਸਯੋਗ ਹੈ ਅਤੇ ਪਿਛਲੇ ਲੰਮੇ ਸਮੇਂ ਤੋਂ ਇਸ ਦੀ ਮੁਰੰਮਤ ਡਿਊ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਹਾਲੇ ਤੱਕ ਮੁਰੰਮਤ ਨਾ ਕਰਨ ਦੇ ਕੀ ਕਾਰਨ ਹਨ;

ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਸੜਕ ਨੂੰ ਮੁਰੰਮਤ ਕਰਨ ਲਈ ਟੈਂਡਰਿੰਗ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਦੀ ਮੁਰੰਮਤ ਕਦੋਂ ਤੱਕ ਮੁਕੰਮਲ ਹੋ ਜਾਵੇਗੀ?

### ਝੁਨੀਰ ਤੋਂ ਆਹਲੂਪੁਰ ਤੱਕ ਸੜਕ ਤੇ ਪ੍ਰੀਮਿਕਸ ਪਾਉਣਾ

*3007. **ਸਰਦਾਰ ਦਿਲਰਾਜ ਸਿੰਘ ਭੂੰਦੜ, ਐਮ.ਐਲ.ਏ.** :- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਸਰਦੂਲਗੜ (ਜ਼ਿਲ੍ਹਾ ਮਾਨਸਾ) ਵਿੱਚ ਝੁਨੀਰ ਤੋਂ ਆਹਲੂਪੁਰ ਤੱਕ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਸੜਕ (ਪੀ.ਕੇ. ਨੰਬਰ-ਪੀ.ਬੀ. 11 11) ਤੇ ਪੱਥਰ ਕੁੱਟਣ ਤੋਂ ਬਾਅਦ ਕੇਵਲ ਕੁੱਝ ਜਗ੍ਹਾ ਉਪਰ ਹੀ ਪ੍ਰੀਮਿਕਸ ਪਾਇਆ ਹੈ ਅਤੇ ਬਾਕੀ ਸਾਰੀ ਸੜਕ ਤੇ ਪ੍ਰੀਮਿਕਸ ਨਾ ਪਾਉਣ ਕਾਰਨ ਮੋਟੇ ਪੱਥਰ ਉਪਰ ਆਉਣ ਕਾਰਨ ਆਵਾਜਾਈ ਕਾਫੀ ਪ੍ਰਭਾਵਿਤ ਹੋ ਰਹੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਸੜਕ ਦੇ ਬਾਕੀ ਰਹਿੰਦੇ ਪੋਰਸ਼ਨ ਤੇ ਕਦੋਂ ਤੱਕ ਪ੍ਰੀਮਿਕਸ ਪਾ ਦਿੱਤਾ ਜਾਵੇਗਾ?

### ਰਾਜਪੁਰਾ ਸ਼ਹਿਰ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ਼ ਦੀਆਂ ਪਾਈਪਾਂ ਪਾਉਣਾ

*3240. **ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.**:-ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜਪੁਰਾ ਸ਼ਹਿਰ, ਜ਼ਿਲ੍ਹਾ ਪਟਿਆਲਾ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ਼ ਦੀਆਂ ਪਾਈਪਾਂ ਕਦੋਂ ਪਾਈਆਂ ਗਈਆਂ ਸਨ;

ਅ) ਕੀ ਰਾਜਪੁਰਾ ਸ਼ਹਿਰ, ਜ਼ਿਲ੍ਹਾ ਪਟਿਆਲਾ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ਼ ਦੀਆਂ ਬਹੁਤ ਪੁਰਾਣੀਆਂ ਪਾਈਪਾਂ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਆਉਂਦੀਆਂ ਪ੍ਰੇਸ਼ਾਨੀਆਂ ਦਾ ਮਾਮਲਾ ਸਰਕਾਰ ਦੇ ਧਿਆਨ ਵਿੱਚ ਹੈ;

ੲ) ਜੇਕਰ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਵੱਲੋਂ ਰਾਜਪੁਰਾ ਸ਼ਹਿਰ, ਜ਼ਿਲ੍ਹਾ ਪਟਿਆਲਾ ਦੀਆਂ ਵਾਟਰ ਸਪਲਾਈ ਅਤੇ ਸੀਵਰੇਜ਼ ਦੀਆਂ ਪਾਈਪਾਂ ਕਦੋਂ ਤੱਕ ਬਦਲਵਾ ਦਿੱਤੀਆਂ ਜਾਣਗੀਆਂ?

### ਸਾਲ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਪੁਰਾਣੀ ਪੈਂਨਸ਼ਨ ਸਕੀਮ ਦੇਣ ਸਬੰਧੀ ਹਦਾਇਤਾਂ

*2936. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.**:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਨਵਰੀ, 2004 ਤੋਂ ਬਾਅਦ ਭਰਤੀ ਹੋਣ ਵਾਲੇ ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸੇਵਾ ਮੁਕਤ ਹੋਣ ਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਪੁਰਾਣੀ ਪ੍ਰਥਾ ਅਨੁਸਾਰ ਪੈਨਸ਼ਨ ਨਹੀਂ ਦਿੱਤੀ ਜਾਂਦੀ ਅਤੇ ਕਿਸੇ ਹੋਰ ਗੁੰਝਲਦਾਰ ਢੰਗ ਨਾਲ ਪੈਨਸ਼ਨ ਦੇਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਇਸ ਮੁਲਾਜ਼ਮ ਮਾਰੂ ਫੈਸਲੇ ਤੇ ਮੁੜ ਵਿਚਾਰ ਕਰਕੇ ਪੁਰਾਣੀ ਪ੍ਰਥਾ ਅਨੁਸਾਰ ਪੈਨਸ਼ਨ/ਫੈਮਲੀ ਪੈਨਸ਼ਨ ਦੇਣ ਸਬੰਧੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਕਰ ਰਹੀ ਹੈ ਤਾਂ ਇਹ ਕਦੋਂ ਤੱਕ ਲਾਗੂ ਕਰ ਦਿੱਤੀ ਜਾਵੇਗੀ?

### ਪਠਾਨਕੋਟ ਵਿਖੇ ਮੈਡੀਕਲ ਕਾਲਜ ਲਈ ਟੈਂਡਰ ਮੰਗਣਾ

*3290. **ਸ਼੍ਰੀ ਅਮਿਤ ਵਿਜ, ਐਮ.ਐਲ.ਏ.**:-ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਵਿਖੇ ਮੈਡੀਕਲ ਕਾਲਜ (ਪੀ.ਪੀ.ਪੀ.ਮੋਡ) ਲਈ ਟੈਂਡਰ ਕਦੋਂ ਤੱਕ ਮੰਗੇ ਜਾਣਗੇ ਤਾਂ ਜੋ ਕੰਮ ਸ਼ੁਰੂ ਕਰਨ ਲਈ ਠੇਕੇਦਾਰ ਨੂੰ ਨਿਯੁਕਤ ਕੀਤਾ ਜਾ ਸਕੇ?

### ਪਟਿਆਲਾ ਦੇ ਫੋਕਲ ਪੁਆਇੰਟ

*3154. **ਸ਼੍ਰੀ ਮਦਨ ਲਾਲ ਜਲਾਲਪੁਰ,ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਘਨੌਰ ਜ਼ਿਲ੍ਹਾ ਪਟਿਆਲਾ ਵਿੱਚ ਫੋਕਲ ਪੁਆਇੰਟਾਂ ਲਈ ਕਿਹੜੇ-ਕਿਹੜੇ ਪਿੰਡਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਸੀ ਅਤੇ ਕੀ ਐਕੁਆਇਰ ਕੀਤੀ ਗਈ ਸਾਰੀ ਜ਼ਮੀਨ ਦਾ ਇੰਤਕਾਲ ਪੰਜਾਬ ਸਰਕਾਰ ਦੇ ਨਾਂ ਤੇ ਹੋ ਚੁੱਕਿਆ ਹੈ;

ਅ) ਉਪਰੋਕਤ ਭਾਗ ੳ ਵਿੱਚ ਦਰਸ਼ਾਏ ਅਨੁਸਾਰ ਕਿਹੜੇ-ਫੋਕਲ ਪੁਆਇੰਟ ਕੰਮ ਕਰ ਰਹੇ ਹਨ ਅਤੇ ਕਿਹੜੇ-ਕੰਮ ਨਹੀਂ ਕਰ ਰਹੇ, ਜਿਹੜੇ ਫੋਕਲ ਪੁਆਇੰਟ ਕੰਮ ਨਹੀਂ ਕਰ ਰਹੇ, ਉਨ੍ਹਾਂ ਪਿੰਡਾਂ ਦੀ ਜ਼ਮੀਨ ਵਾਪਸ ਕਰਨ ਲਈ ਕੀ ਕਾਰਵਾਈ ਕੀਤੀ ਗਈ ਹੈ?

**ਪਰਤੋਂ ਜੀ.....**

**ਸਾਲ 2019-20 ਦੌਰਾਨ ਰਜਿਸਟਰਡ ਹੋਏ ਵਾਹਨਾਂ ਦੀ ਗਿਣਤੀ**

*3070. **ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.**:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2019-20 ਦੇ ਦੌਰਾਨ ਰਾਜ ਵਿੱਚ ਦੋ ਪਹੀਆ, ਚਾਰ ਪਹੀਆ ਅਤੇ ਵਪਾਰਿਕ ਵਾਹਨਾਂ ਦੀ ਵੱਖ ਵੱਖ ਸ਼੍ਰੇਣੀਆਂ ਅਧੀਨ ਰਜਿਸਟਰਡ ਹੋਏ ਮੋਟਰ ਵਾਹਨਾਂ ਦੀ ਅਤੇ ਹਾਈਬ੍ਰਿਡ, ਇਲੈਕਟ੍ਰਿਕ ਵਾਹਨ, ਸੀ.ਐਨ.ਜੀ. ਅਧੀਨ ਰਜਿਸਟਰਡ ਹੋਏ ਵਾਹਨਾਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਸਾਲ 2019-20 ਦੇ ਦੌਰਾਨ ਉਪਰੋਕਤ ਵਰਣਿਤ ਵਾਹਨਾਂ ਦੀ ਰਜਿਸਟ੍ਰੇਸ਼ਨ ਕਰਨ ਤੇ ਵੱਖਰੇ ਵੱਖਰੇ ਤੌਰ ਤੇ ਕਿੰਨਾਂ ਕਿੰਨਾ ਟੈਕਸ ਲਗਾਇਆ ਗਿਆ ਹੈ?

**ਪੁੱਡਾ ਦੀ ਅੱਠ ਏਕੜ ਜ਼ਮੀਨ ਤੇ ਐਸ.ਡੀ.ਐਮ. ਦਫਤਰ ਦੀ ਬਿਲਡਿੰਗ ਬਣਾਉਣਾ**

*3200. **ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ**:-ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ੀਰਾ ਸ਼ਹਿਰ ਦੇ ਅੰਦਰ ਪੁੱਡਾ ਦੀ ਅੱਠ ਏਕੜ ਜ਼ਮੀਨ ਤੇ ਐਸ.ਡੀ.ਐਮ. ਦਫਤਰ ਦੀ ਬਿਲਡਿੰਗ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਕਾਰਵਾਈ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ?

**ਸਬ-ਤਹਿਸੀਲ, ਬਨੂੜ ਦੀ ਬਿਲਡਿੰਗ ਲਈ ਲੋੜੀਂਦੇ ਫੰਡਜ਼ ਜਾਰੀ ਕਰਨਾ**

*3243. **ਸਰਦਾਰ ਹਰਦਿਆਲ ਸਿੰਘ ਕੰਬੋਜ਼, ਐਮ.ਐਲ.ਏ.**:- ਕੀ ਮਾਲ ਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਬ-ਤਹਿਸੀਲ, ਬਨੂੜ, ਜ਼ਿਲ੍ਹਾ ਮੋਹਾਲੀ ਦੀ ਬਿਲਡਿੰਗ ਖਸਤਾ ਹੋਣ ਸਬੰਧੀ ਮਾਮਲਾ ਸਰਕਾਰ ਦੇ ਧਿਆਨ ਵਿੱਚ ਹੈ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਬ-ਤਹਿਸੀਲ, ਬਨੂੜ ਦੀ ਬਿਲਡਿੰਗ ਲਈ ਲੋੜੀਂਦੇ ਫੰਡਜ਼ ਕਦੋਂ ਤੱਕ ਜਾਰੀ ਕਰ ਦਿੱਤੇ ਜਾਣਗੇ?

**ਕਰੋਨਾ ਮਹਾਂਮਾਰੀ ਦੌਰਾਨ ਗਿਆਨ ਸਾਗਰ ਹਸਪਤਾਲ (ਰਾਜਪੁਰਾ ਬਨੂੜ) ਅਤੇ ਭੱਧਲ ਹਸਪਤਾਲ (ਰੋਪੜ) ਨੂੰ ਦਿੱਤੀ ਰਾਸ਼ੀ**

*2958. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਦੌਰਾਨ ਲੋਕਾਂ ਦੀ ਸਿਹਤ ਸੰਭਾਲ ਲਈ ਗਿਆਨ ਸਾਗਰ, ਹਸਪਤਾਲ (ਰਾਜਪੁਰਾ, ਬਨੂੜ) ਅਤੇ ਭੱਧਲ, ਹਸਪਤਾਲ (ਰੋਪੜ) ਨੂੰ ਕਿੰਨੀ-ਕਿੰਨੀ ਰਾਸ਼ੀ ਦਿੱਤੀ ਗਈ ਹੈ?

**ਬਲਾਚੌਰ ਵਿਖੇ P.W.D ਰੈਸਟ ਹਾਉਸ ਦੀ ਇਮਾਰਤ ਦੀ ਉਸਾਰੀ**

*3273. **ਸ਼੍ਰੀ ਦਰਸ਼ਨ ਲਾਲ, ਐਮ.ਐਲ.ਏ.**:- ਕੀ ਲੋਕ ਨਿਰਮਾਣ ਮੰਤਰੀ (ਭ ਤੇ ਮ) ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਲਾਚੌਰ ਵਿਖੇ ਪੀ.ਡਬਲਿਊ.ਡੀ. ਰੈਸਟ ਹਾਊਸ ਦੀ ਇਮਾਰਤ ਬਹੁਤ ਖਸਤਾ ਹਾਲਤ(ਖੰਡਰ) ਵਿੱਚ ਹੈ, ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਨੇੜੇ ਭਵਿੱਖ ਵਿੱਚ ਇਸ ਦੀ ਮੁਰੰਮਤ ਜਾਂ ਨਵੀਂ ਇਮਾਰਤ ਉਸਾਰਨ ਦੀ ਕੀ ਯੋਜਨਾ ਹੈ ਅਤੇ ਇਸ ਲਈ ਫੰਡ ਕਦੋਂ ਤੱਕ ਮੁਹੱਈਆ/ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ?

**20,000 ਤੋਂ ਵੱਧ ਲੋਕਾਂ ਦੀ ਵਸੋਂ ਵਾਲੀਆਂ ਕਲੋਨੀਆਂ ਨੂੰ ਨਗਰ ਪੰਚਾਇਤ ਦਾ ਦਰਜ਼ਾ ਦੇਣਾ**

*3276. **ਸਰਦਾਰ ਨਵਤੇਜ ਸਿੰਘ ਚੀਮਾ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ 20,000 ਤੋਂ ਵੱਧ ਲੋਕਾਂ ਦੀ ਵਸੋਂ ਵਾਲੀਆਂ ਕਲੋਨੀਆਂ ਨੂੰ ਨਗਰ ਪੰਚਾਇਤ ਦਾ ਦਰਜਾ ਦੇਣ ਤੇ ਵਿਚਾਰ ਕਰੇਗੀ ਅਤੇ ਇਸ ਸਮੇਂ ਕਪੂਰਥਲਾ ਵਿਖੇ ਰੇਲਵੇ ਕੋਚ ਫੈਕਟਰੀ ਦੇ ਸਾਹਮਣੇ ਬਣੀਆਂ ਹੋਈਆਂ ਤਿੰਨ ਪੰਚਾਇਤਾਂ ਨੂੰ ਪਹਿਲਤਾ ਦਾ ਅਧਾਰ ਦੇਵੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸੂਬੇ ਦੇ ਕੱਚੇ ਮਨਰੇਗਾ ਕਰਮਚਾਰੀਆਂ ਨੂੰ ਪੱਕੇ ਕਰਨਾ**

*3048. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੂਬੇ ਵਿੱਚ ਮਨਰੇਗਾ ਕਰਮਚਾਰੀ ਪਿਛਲੇ 12-13 ਸਾਲ ਤੋਂ ਠੇਕੇ ਤੇ ਅਧਾਰਤ ਕੱਚੇ ਕਾਮੇ ਦੇ ਤੌਰ ਤੇ ਕੰਮ ਕਰ ਰਹੇ ਹਨ, ਜਿਨ੍ਹਾ ਨੂੰ ਸਰਕਾਰ ਨੇ ਪੱਕੇ ਕਰਨ ਦਾ ਵਾਅਦਾ ਕੀਤਾ ਸੀ;

ਅ) ਕੀ ਇਹ ਵੀ ਠੀਕ ਹੈ ਕਿ ਮਨਰੇਗਾ ਕਰਮਚਾਰੀਆਂ ਦੁਆਰਾ ਮਿਤੀ 18-06-2020 ਤੋਂ 30-06-2020 ਤੱਕ ਕਲਮ ਛੋੜ ਹੜਤਾਲ ਕੀਤੀ ਗਈ ਸੀ, ਜਿਸ ਨੂੰ ਖਤਮ ਕਰਨ ਦੀ ਸ਼ਰਤ ਵਿੱਚ ਸਰਕਾਰ ਨੇ ਇਹ ਸਹਿਮਤੀ ਪ੍ਰਗਟਾਈ ਸੀ ਕਿ ਸਰਕਾਰ ਵੱਲੋ ਮਨਰੇਗਾ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇਗਾ ਅਤੇ ਜਦੋਂ ਤੱਕ ਉਹਨਾਂ ਨੂੰ ਪੱਕਾ ਨਹੀਂ ਕੀਤਾ ਜਾਂਦਾ ਉਦੋਂ ਤੱਕ ਕਰਮਚਾਰੀਆਂ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਦੀ ਤਰਜ ਤੇ ਪੇਅ ਸਕੇਲ ਦਿੱਤਾ ਜਾਵੇਗਾ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਵੱਲੋਂ ਮਨਰੇਗਾ ਕਰਮਚਾਰੀਆਂ ਨਾਲ ਕੀਤੇ ਵਾਅਦੇ ਕਦੋਂ ਤੱਕ ਪੂਰੇ ਕੀਤੇ ਜਾਣਗੇ?

**ਪਠਾਨਕੋਟ ਵਿੱਚ ਟੂਰਿਜ਼ਮ ਪ੍ਰਾਜੈਕਟ ਦੀ ਟੈਂਡਰਿੰਗ ਕਰਨਾ**

*3293. **ਸ਼੍ਰੀ ਅਮਿਤ ਵਿਜ, ਐਮ.ਐਲ.ਏ.**:-ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਵਿੱਚ ਟੂਰਿਜ਼ਮ ਪ੍ਰਾਜੈਕਟ ਦੀ ਟੈਂਡਰਿੰਗ ਕਦੋਂ ਤੱਕ ਹੋ ਜਾਵੇਗੀ?

**ਹਲਕਾ ਗੜ੍ਹਸ਼ੰਕਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਅਤੇ ਐਲੀਮੈਂਟਰੀ ਸਕੂਲਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ**

*2980. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ , ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਅਧੀਨ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਅਤੇ ਐਲੀਮੈਂਟਰੀ ਸਕੂਲਾਂ ਵਿੱਚ ਕਿੰਨੀਆਂ-ਕਿੰਨੀਆਂ ਅਸਾਮੀਆਂ ਮਨਜ਼ੂਰਸ਼ੁਦਾ ਹਨ, ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਭਰ ਲਈਆਂ ਗਈਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਖਮਾਣੋ ਸ਼ਹਿਰ ਵਿਖੇ ਸੀਵਰੇਜ਼ ਪਾਉਣਾ**

*3288. **ਸਰਦਾਰ ਗੁਰਪ੍ਰੀਤ ਸਿੰਘ ਜੀ.ਪੀ., ਐਮ.ਐਲ.ਏ**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਖਮਾਣੋਂ ਸ਼ਹਿਰ (ਫਤਿਹਗੜ੍ਹ ਸਾਹਿਬ) ਵਿਖੇ ਨੇੜਲੇ ਭਵਿੱਖ ਵਿੱਚ ਸੀਵਰੇਜ਼ ਪਾਉਣ ਤੇ ਵਿਚਾਰ ਕਰੇਗੀ?

ਚੰਡੀਗੜ੍ਹ
ਮਿਤੀ 08 ਮਾਰਚ, 2021

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**

8/3/21
ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ